# ਆਕਾਸ਼ਵਾਣੀ ਜਲੰਧਰ

# ਰਾਸ਼ਟਰੀ ਖਬਰਾਂ ਪੰਜਾਬੀ

**08:30**

**ਮਿਤੀ : 08-09-2026**

***ਪਹਿਲਾ ਬੁਲੇਟਿਨ ਦੀਆਂ ਖਾਸ ਖਬਰਾਂ***

- ਪ੍ਰਧਾਨ ਮੰਤਰੀ ਨਰੇਂਦਰ ਮੋਦੀ ਅੱਜ ਗੁਜਰਾਤ ਦੇ ਵਡੋਦਰਾ ਤੋਂ 35 ਹਜ਼ਾਰ ਕਰੋੜ ਰੁਪਏ ਤੋਂ ਵੱਧ ਦੇ ਵਿਕਾਸ ਪ੍ਰੋਜੈਕਟਾਂ ਦਾ ਉਦਘਾਟਨ ਕਰਨਗੇ ਅਤੇ ਨੀਂਹ ਪੱਥਰ ਰੱਖਣਗੇ। ਸ੍ਰੀ ਮੋਦੀ ਮੁੰਬਈ ਵਿੱਚ, ਗਲੋਬਲ ਫਿਨਟੈਕ ਫੈਸਟ 2026 ਦੀ ਵੀ ਸ਼ੁਰੂਆਤ ਕਰਨਗੇ।

- ਰੱਖਿਆ ਖ਼ਰੀਦ ਪ੍ਰੀਸ਼ਦ ਨੇ ਹਥਿਆਰਬੰਦ ਫੌਜਾਂ ਲਈ, ਇੱਕ ਲੱਖ 10 ਹਜ਼ਾਰ ਕਰੋੜ ਰੁਪਏ ਤੋਂ ਵੱਧ ਦੀਆਂ ਰੱਖਿਆ ਖ਼ਰੀਦ ਤਜਵੀਜ਼ਾਂ ਨੂੰ ਮਨਜ਼ੂਰੀ ਦੇ ਦਿੱਤੀ ਏ।

- ਦਿੱਲੀ ਪੁਲਿਸ ਨੇ ਸਤਿਆ ਨਿਕੇਤਨ ਇਮਾਰਤ ਢਹਿਣ ਦੀ ਘਟਨਾ ਦੇ ਸਬੰਧ ਵਿੱਚ ਜਾਂਚ ਤੇਜ਼ ਕਰਦਿਆਂ, ਤਿੰਨ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਏ।

- ਲਕਸਮਬਰਗ ਨੇ ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ ਵਿੱਚ, ਸਥਾਈ ਸੀਟ ਲਈ, ਭਾਰਤ ਦੀ ਮੰਗ ਦਾ ਸਮਰਥਨ ਕੀਤਾ ਏ।

- ਭਾਰਤ ਅੱਜ ਅਹਿਮਦਾਬਾਦ ਵਿੱਚ, ਵਿਸ਼ਵ ਤੀਰਅੰਦਾਜ਼ੀ ਪੈਰਾ ਸੀਰੀਜ਼ ਵਿੱਚ, ਚਾਰ ਫਾਈਨਲ ਮੁਕਾਬਲਿਆਂ ਵਿੱਚ ਆਪਣੀ ਚੁਣੌਤੀ ਪੇਸ਼ ਕਰੇਗਾ।

***ਹੁਣ ਖਬਰਾਂ ਵਿਸਥਾਰ ਨਾਲ***

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਅੱਜ ਗੁਜਰਾਤ ਅਤੇ ਮਹਾਰਾਸ਼ਟਰ ਦੇ ਦੌਰੇ 'ਤੇ ਹੋਣਗੇ। ਗੁਜਰਾਤ ਵਿੱਚ, ਪ੍ਰਧਾਨ ਮੰਤਰੀ ਵਡੋਦਰਾ ਤੋਂ 35 ਹਜ਼ਾਰ ਕਰੋੜ ਰੁਪਏ ਤੋਂ ਵੱਧ ਦੇ ਵਿਕਾਸ ਪ੍ਰੋਜੈਕਟਾਂ ਦਾ ਨੀਂਹ ਪੱਥਰ ਰੱਖਣਗੇ ਅਤੇ ਉਦਘਾਟਨ ਕਰਨਗੇ। ਇਸ ਤੋਂ ਇਲਾਵਾ, ਪੱਛਮੀ ਸਮਰਪਿਤ ਮਾਲ Corridor ਦੇ ਤਿੰਨ ਮਹੱਤਵਪੂਰਨ ਹਿੱਸੇ, ਰਾਸ਼ਟਰ ਨੂੰ ਸਮਰਪਿਤ ਕੀਤੇ ਜਾਣਗੇ। ਉਹ ਕਈ ਰੇਲਵੇ, ਰਾਸ਼ਟਰੀ ਸ਼ਾਹਰਾਹ ਅਤੇ ਰਾਜ ਸਰਕਾਰ ਦੇ ਬੁਨਿਆਦੀ ਢਾਂਚੇ ਦੇ ਪ੍ਰੋਜੈਕਟਾਂ ਦੀ ਵੀ ਸ਼ੁਰੂਆਤ ਕਰਨਗੇ।

ਮਹਾਰਾਸ਼ਟਰ ਵਿੱਚ, ਪ੍ਰਧਾਨ ਮੰਤਰੀ, ਮੁੰਬਈ ਵਿੱਚ ਗਲੋਬਲ ਫਿਨਟੈਕ ਫੈਸਟ 2026 ਦਾ ਉਦਘਾਟਨ ਕਰਨਗੇ ਅਤੇ ਇਕੱਠ ਨੂੰ ਸੰਬੋਧਨ

ਕਰਨਗੇ। ਇਸ ਵਿੱਚ ਡਿਜੀਟਲ ਭੁਗਤਾਨ, ਵਿੱਤੀ ਸਮਾਵੇਸ਼ ਅਤੇ ਨਵੀਆਂ ਤਕਨਾਲੋਜੀਆਂ ਰਾਹੀਂ ਵਿੱਤੀ ਖੇਤਰ ਨੂੰ ਹੋਰ ਮਜ਼ਬੂਤ ਕਰਨ 'ਤੇ ਚਰਚਾ ਕੀਤੀ ਜਾਏਗੀ। ਨੀਤੀ ਨਿਰਮਾਤਾ, ਰੈਗੂਲੇਟਰ, ਬੈਂਕ, ਵਿੱਤੀ ਸੰਸਥਾਵਾਂ, ਫਿਨਟੈਕ ਕੰਪਨੀਆਂ, ਨਿਵੇਸ਼ਕ ਅਤੇ ਤਕਨਾਲੋਜੀ ਮਾਹਰ ਇਸ ਸਮਾਰੋਹ ਵਿੱਚ ਹਿੱਸਾ ਲੈ ਰਹੇ ਨੇ।

---------------------------------------------------

ਉਪ ਰਾਸ਼ਟਰਪਤੀ ਸੀ.ਪੀ. ਰਾਧਾਕ੍ਰਿਸ਼ਨਨ, ਚਾਰ ਉੱਤਰ-ਪੂਰਬੀ ਰਾਜਾਂ ਦੇ ਦੌਰੇ 'ਤੇ ਨੇ। ਕੱਲ੍ਹ, ਉਪ ਰਾਸ਼ਟਰਪਤੀ ਮੇਘਾਲਿਆ ਦੀ ਰਾਜਧਾਨੀ ਸ਼ਿਲਾਂਗ ਪਹੁੰਚੇ, ਜਿੱਥੇ ਉਨ੍ਹਾਂ ਨੇ ਇੱਕ ਹਜ਼ਾਰ ਕਰੋੜ ਰੁਪਏ ਤੋਂ ਵੱਧ ਦੀ ਲਾਗਤ ਵਾਲੇ ਪੰਜ ਪ੍ਰੋਜੈਕਟਾਂ ਦਾ ਨੀਂਹ ਪੱਥਰ ਰੱਖਿਆ।

ਅੱਜ, ਉਹ ਅਰੁਣਾਚਲ ਪ੍ਰਦੇਸ਼ ਦੀ ਰਾਜਧਾਨੀ ਈਟਾਨਗਰ ਪਹੁੰਚਣਗੇ, ਜਿੱਥੇ ਉਹ ਵੱਖ-ਵੱਖ ਪ੍ਰੋਗਰਾਮਾਂ ਵਿੱਚ ਸ਼ਾਮਲ ਹੋਣਗੇ।

---------------------------------------------------

ਰੱਖਿਆ ਮੰਤਰੀ ਰਾਜਨਾਥ ਸਿੰਘ ਦੀ ਪ੍ਰਧਾਨਗੀ ਹੇਠ ਰੱਖਿਆ ਖ਼ਰੀਦ ਪ੍ਰੀਸ਼ਦ ਨੇ ਹਥਿਆਰਬੰਦ ਫੌਜਾਂ ਲਈ, ਇੱਕ ਲੱਖ 10 ਹਜ਼ਾਰ ਕਰੋੜ ਰੁਪਏ ਤੋਂ ਵੱਧ ਦੀਆਂ ਪੂੰਜੀਗਤ ਰੱਖਿਆ ਖ਼ਰੀਦ ਤਜਵੀਜ਼ਾਂ ਨੂੰ ਮਨਜ਼ੂਰੀ ਦੇ ਦਿੱਤੀ ਏ। ਫੌਜ ਲਈ ਰਸਾਇਣਕ ਜੈਵਿਕ ਰੇਡੀਓਲੋਜੀਕਲ ਅਤੇ ਪ੍ਰਮਾਣੂ ਟੋਹੀ

ਵਾਹਨ, ਉੱਚ ਗਤੀਸ਼ੀਲਤਾ ਵਾਹਨ, ਆਟੋਮੇਟਿਡ ਮਾਈਨ ਲੇਅਰ, ਐਡਵਾਂਸਡ ਲਾਈਟ ਹੈਲੀਕਾਪਟਰ, ਟਰਾਲ ਟੈਂਕ ਅਤੇ ਸਰਵਤਰਾ ਬ੍ਰਿਜ ਸਿਸਟਮ ਦੀ ਖਰੀਦ ਨੂੰ ਪ੍ਰਵਾਨਗੀ ਦਿੱਤੀ ਗਈ ਏ।

ਜਲ ਸੈਨਾ ਲਈ ਅਰੁਧਰਾ ਰਾਡਾਰ ਅਤੇ ਮਰੀਨ ਗੈਸ ਟਰਬਾਈਨ ਦੀ ਖਰੀਦ ਨੂੰ ਮਨਜ਼ੂਰੀ ਦਿੱਤੀ ਗਈ ਏ।

ਫੌਜ ਦੀਆਂ ਲੜਾਕੂ ਸਮਰੱਥਾਵਾਂ ਨੂੰ ਵਧਾਉਣ ਲਈ, ਜੰਗੀ ਜਹਾਜ਼ਾਂ, ਟਰਾਂਸਪੋਰਟ ਜਹਾਜ਼ਾਂ ਅਤੇ ਹੈਲੀਕਾਪਟਰਾਂ ਨਾਲ ਸਬੰਧਤ ਕਈ ਤਜਵੀਜ਼ਾਂ ਨੂੰ ਵੀ ਪ੍ਰਵਾਨਗੀ ਦਿੱਤੀ ਗਈ। ਇਸ ਤੋਂ ਇਲਾਵਾ, ਜ਼ਮੀਨ-ਅਧਾਰਤ ਬਹੁ-ਮੰਤਵੀ ਜੈਮਰਾਂ ਅਤੇ ਰੱਖਿਆ ਬਲਾਂ ਲਈ Secure Excess ਕਾਰਡ ਪ੍ਰਣਾਲੀ ਦੀ ਖਰੀਦ ਨੂੰ ਵੀ ਮਨਜ਼ੂਰੀ ਦਿੱਤੀ ਗਈ ਏ।

ਰੱਖਿਆ ਮੰਤਰਾਲੇ ਨੇ ਕਿਹਾ ਏ ਕਿ, 98 ਫ਼ੀਸਦੀ ਖਰੀਦ, ਭਾਰਤੀ ਉਦਯੋਗਾਂ ਤੋਂ ਹੋਵੇਗੀ।

---

ਦਿੱਲੀ ਪੁਲਿਸ ਨੇ ਨਵੀਂ ਦਿੱਲੀ ਦੇ ਸਤਿਆ ਨਿਕੇਤਨ ਵਿੱਚ ਇਮਾਰਤ ਢਹਿਣ ਦੀ ਘਟਨਾ ਦੇ ਸਬੰਧ ਵਿੱਚ, ਜਾਂਚ ਤੇਜ਼ ਕਰਦਿਆਂ, ਤਿੰਨ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਏ। ਇਸ ਘਟਨਾ ਵਿੱਚ ਸੱਤ ਲੋਕਾਂ ਦੀ ਮੌਤ ਹੋ ਗਈ ਸੀ। ਗ੍ਰਿਫ਼ਤਾਰ ਕੀਤੇ ਗਏ ਲੋਕਾਂ ਵਿੱਚ ਹਰੀਰਾਮ, ਉਸਦੀ ਪਤਨੀ ਉਰਮਿਲਾ ਅਤੇ ਪੁੱਤਰ ਮਹੇਸ਼ ਸ਼ਾਮਲ ਨੇ। ਪੁਲਿਸ ਅਨੁਸਾਰ, ਇਮਾਰਤ ਦਾ ਬਿਜਲੀ ਕੁਨੈਕਸ਼ਨ ਹਰੀਰਾਮ ਦੇ ਨਾਮ 'ਤੇ ਸੀ, ਜਦੋਂ ਕਿ

ਉਸਦਾ ਪੁੱਤਰ ਮਹੇਸ਼ ਇਸਦੀ ਦੇਖ-ਰੇਖ ਕਰਦਾ ਸੀ। ਤਿੰਨਾਂ ਨੂੰ ਪਟਿਆਲਾ ਹਾਊਸ ਕੋਰਟ ਵਿੱਚ ਪੇਸ਼ ਕੀਤਾ ਗਿਆ। ਅਦਾਲਤ ਨੇ ਹਰੀਰਾਮ ਅਤੇ ਉਰਮਿਲਾ ਨੂੰ 14 ਦਿਨਾਂ ਦੀ ਅਦਾਲਤੀ ਹਿਰਾਸਤ ਵਿੱਚ ਭੇਜ ਦਿੱਤਾ, ਜਦੋਂ ਕਿ ਮਹੇਸ਼ ਨੂੰ ਦੋ ਦਿਨਾਂ ਦੀ ਪੁਲਿਸ ਹਿਰਾਸਤ ਵਿੱਚ ਭੇਜਿਆ ਗਿਆ ਏ।

ਇਸ ਦੌਰਾਨ, ਦਿੱਲੀ ਸਰਕਾਰ ਨੇ ਡਿਪਟੀ ਕਮਿਸ਼ਨਰ, Superintending ਇੰਜੀਨੀਅਰ, Executive ਇੰਜੀਨੀਅਰ, ਸਹਾਇਕ ਇੰਜੀਨੀਅਰ ਅਤੇ ਜੂਨੀਅਰ ਇੰਜੀਨੀਅਰ ਸਮੇਤ ਪੰਜ MCD ਅਧਿਕਾਰੀਆਂ ਨੂੰ ਮੁਅੱਤਲ ਕਰ ਦਿੱਤਾ ਏ।

--------------------------------------------------------

ਲਕਸਮਬਰਗ ਦੇ ਉਪ ਪ੍ਰਧਾਨ ਮੰਤਰੀ ਅਤੇ ਵਿਦੇਸ਼ ਮੰਤਰੀ, ਜ਼ੇਵੀਅਰ ਬੈਟਲ ਨੇ ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ - UNSC ਵਿੱਚ ਸਥਾਈ ਸੀਟ ਲਈ, ਭਾਰਤ ਦੀ ਮੰਗ ਦਾ ਸਮਰਥਨ ਕੀਤਾ ਏ। ਉਨ੍ਹਾਂ ਕਿਹਾ ਕਿ ਮੌਜੂਦਾ ਵਿਸ਼ਵ ਵਿਵਸਥਾ ਦੀਆਂ ਹਕੀਕਤਾਂ ਨੂੰ ਦਰਸਾਉਣ ਲਈ ਇਸ ਸੰਸਥਾ ਵਿੱਚ ਸੁਧਾਰ ਜ਼ਰੂਰੀ ਨੇ। ਇੱਕ ਨਿਊਜ਼ ਏਜੰਸੀ ਨਾਲ ਇੰਟਰਵਿਊ ਵਿੱਚ, ਸ਼੍ਰੀ ਬੈਟਲ ਨੇ ਕਿਹਾ ਕਿ ਭਾਰਤ ਦੇ ਆਕਾਰ ਅਤੇ ਆਲਮੀ ਮਹੱਤਵ ਨੂੰ ਦੇਖਦਿਆਂ ਇਸਨੂੰ, ਸੁਰੱਖਿਆ ਪ੍ਰੀਸ਼ਦ ਵਿੱਚ ਸ਼ਾਮਲ ਕਰਨ ਦੀ ਲੋੜ ਏ। ਉਨ੍ਹਾਂ ਕਿਹਾ ਕਿ ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ ਦਾ ਵਿਸਥਾਰ ਉਨ੍ਹਾਂ ਪ੍ਰਮੁੱਖ ਦੇਸ਼ਾਂ ਨੂੰ ਸ਼ਾਮਲ ਕਰਨ ਲਈ ਕੀਤਾ ਜਾ ਸਕਦਾ ਏ, ਜਿਨ੍ਹਾਂ ਦੀ ਵਰਤਮਾਨ ਵਿੱਚ ਸਥਾਈ ਭੂਮਿਕਾ ਨਹੀਂ ਏ। ਉਨ੍ਹਾਂ ਭਾਰਤ ਅਤੇ ਬ੍ਰਾਜ਼ੀਲ

ਦੀ ਮਿਸਾਲ ਦਿੱਤੀ। ਸ੍ਰੀ ਬੈਟਲ ਨੇ ਮੌਜੂਦਾ ਵੀਟੋ ਪ੍ਰਣਾਲੀ ਦੀ ਆਲੋਚਨਾ ਕਰਦਿਆਂ, ਦਲੀਲ ਦਿੱਤੀ ਕਿ ਕਿਸੇ ਵੀ ਇੱਕ ਦੇਸ਼ ਕੋਲ, ਵਿਆਪਕ ਅੰਤਰਰਾਸ਼ਟਰੀ ਭਾਈਚਾਰੇ ਵੱਲੋਂ ਸਮਰਥਤ ਫੈਸਲਿਆਂ ਨੂੰ ਰੋਕਣ ਦੀ ਸ਼ਕਤੀ ਨਹੀਂ ਹੋਣੀ ਚਾਹੀਦੀ।

---------------------------------------------------

ਭਾਰਤ ਹੁਣ 6G ਨੈੱਟਵਰਕ ਵਿਕਸਤ ਕਰਨ ਦੀ ਆਲਮੀ ਪਹਿਲਕਦਮੀ ਵਿੱਚ ਅਮਰੀਕਾ ਅਤੇ 24 ਹੋਰ ਦੇਸ਼ਾਂ ਦੇ ਨਾਲ ਸ਼ਾਮਲ ਹੋ ਗਿਆ ਏ। ਇਸ ਪਹਿਲ ਦਾ ਉਦੇਸ਼, 6G ਨੈੱਟਵਰਕਾਂ ਦੀ ਸੁਰੱਖਿਆ ਨੂੰ ਮਜ਼ਬੂਤ ਕਰਨਾ, ਮੁਕਾਬਲਾ ਵਧਾਉਣਾ ਅਤੇ ਨਵੀਆਂ ਤਕਨਾਲੋਜੀਆਂ ਨੂੰ ਉਤਸ਼ਾਹਿਤ ਕਰਨਾ ਏ। ਕੇਂਦਰੀ ਵਣਜ ਅਤੇ ਉਦਯੋਗ ਰਾਜ ਮੰਤਰੀ ਜਿਤਿਨ ਪ੍ਰਸਾਦ ਨੇ ਅਮਰੀਕੀ ਵਣਜ ਮੰਤਰੀ ਹਾਵਰਡ ਲੂਟਨਿਕ ਨਾਲ ਮੁਲਾਕਾਤ ਕੀਤੀ। ਦੋਵਾਂ ਨੇਤਾਵਾਂ ਨੇ 6G ਦੇ ਨਾਲ-ਨਾਲ, ਸੈਮੀਕੰਡਕਟਰ, ਏ.ਆਈ ਅਤੇ ਡੇਟਾ ਸੈਂਟਰਾਂ ਦੇ ਖੇਤਰਾਂ ਵਿੱਚ, ਸਹਿਯੋਗ ਬਾਰੇ ਚਰਚਾ ਕੀਤੀ। ਸ੍ਰੀ ਪ੍ਰਸਾਦ ਨੇ ਭਾਰਤ ਵਿੱਚ ਸੈਮੀਕੰਡਕਟਰ ਮਿਸ਼ਨ 2.0, ਏ.ਆਈ ਭਾਈਵਾਲੀ ਅਤੇ ਏ.ਆਈ ਦੀ ਸੁਰੱਖਿਅਤ ਵਰਤੋਂ ਵਿੱਚ, ਅਮਰੀਕੀ ਨਿਵੇਸ਼ 'ਤੇ ਵੀ ਜ਼ੋਰ ਦਿੱਤਾ।

---------------------------------------------------

ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨੇ ਕੱਲ੍ਹ ਨਵੀਂ ਦਿੱਲੀ ਵਿੱਚ ਅੰਤਰਰਾਸ਼ਟਰੀ ਆਲੂ ਕੇਂਦਰ ਦੇ ਡਾਇਰੈਕਟਰ ਜਨਰਲ, ਡਾ. ਸਾਈਮਨ ਹੇਕ ਨਾਲ ਵੇਰਵੇ ਸਹਿਤ ਗੱਲਬਾਤ ਕੀਤੀ। ਮੀਟਿੰਗ ਵਿੱਚ ਆਲੂ ਦੇ ਬੀਜ ਅਤੇ ਬਿਜਾਈ ਸਮੱਗਰੀ ਪ੍ਰਦਾਨ ਕਰਨ, ਕਿਸਾਨਾਂ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਅਤੇ ਭਾਰਤੀ ਖੇਤੀਬਾੜੀ ਖੋਜ ਪ੍ਰੀਸ਼ਦ ਅਤੇ ਕੇਂਦਰ ਵਿਚਕਾਰ ਸਹਿਯੋਗ ਨੂੰ ਮਜ਼ਬੂਤ ਕਰਨ ਬਾਰੇ ਚਰਚਾ ਹੋਈ।

ਖੇਤੀਬਾੜੀ ਮੰਤਰੀ ਨੇ ਕਿਹਾ ਕਿ ਆਗਰਾ ਸਥਿਤ ਕੇਂਦਰ ਨੂੰ ਦੁਨੀਆ ਭਰ ਤੋਂ ਉੱਨਤ ਆਲੂ ਕਿਸਮਾਂ ਨੂੰ ਭਾਰਤ ਲਿਆਉਣ ਅਤੇ ਦੇਸ਼ ਦੇ ਵੱਖ-ਵੱਖ ਜਲਵਾਯੂ ਦੇ ਅਨੁਕੂਲ ਆਲੂ ਦੀਆਂ ਨਵੀਆਂ ਕਿਸਮਾਂ ਵਿਕਸਤ ਕਰਨ ਵਿੱਚ ਮਦਦ ਕਰਨੀ ਚਾਹੀਦੀ ਏ। ਇਸ ਨਾਲ ਸਿੱਧੇ ਤੌਰ 'ਤੇ ਆਲੂ ਕਿਸਾਨਾਂ ਨੂੰ ਲਾਭ ਹੋਵੇਗਾ।

---------------------------------------------------

ਕੇਂਦਰੀ ਪੈਟਰੋਲੀਅਮ ਅਤੇ ਕੁਦਰਤੀ ਗੈਸ ਰਾਜ ਮੰਤਰੀ ਸੁਰੇਸ਼ ਗੋਪੀ ਨੇ ਕਿਹਾ ਕਿ ਸਰਕਾਰ ਨੇ ਤੇਲ ਮਾਰਕੀਟਿੰਗ ਕੰਪਨੀਆਂ ਨੂੰ ਘਰੇਲੂ ਰਸੋਈ ਗੈਸ-ਐਲ.ਪੀ.ਜੀ ਰੀਫਿਲ ਬੁਕਿੰਗ ਦੇ ਨਿਯਮਾਂ ਵਿੱਚ ਵੱਡੀ ਢਿੱਲ ਦੇਣ ਦੇ ਨਿਰਦੇਸ਼ ਦਿੱਤੇ ਨੇ। ਹੁਣ ਦੇਸ਼ ਦੇ ਸਾਰੇ ਘਰੇਲੂ ਐਲ.ਪੀ.ਜੀ ਖਪਤਕਾਰ, ਭਾਵੇਂ ਉਹ ਸ਼ਹਿਰੀ ਇਲਾਕਿਆਂ ਦੇ ਹੋਣ ਜਾਂ ਪੇਂਡੂ ਇਲਾਕਿਆਂ ਦੇ, 25 ਦਿਨਾਂ ਦੇ ਅੰਤਰਾਲ 'ਤੇ ਆਪਣਾ ਅਗਲਾ ਸਿਲੰਡਰ ਬੁੱਕ ਕਰ ਸਕਣਗੇ।

ਸ਼੍ਰੀ ਗੋਪੀ ਨੇ ਇੱਕ ਸੋਸ਼ਲ ਮੀਡੀਆ ਪੋਸਟ ਵਿੱਚ ਕਿਹਾ ਕਿ ਕੇਂਦਰ ਸਰਕਾਰ ਨੇ ਦੇਸ਼ ਵਿੱਚ ਐਲ.ਪੀ.ਜੀ ਸਪਲਾਈ ਦੀ ਸਥਿਤੀ ਵਿੱਚ ਸੁਧਾਰ ਅਤੇ ਬੈਕਲਾਗ ਵਿੱਚ ਮਹੱਤਵਪੂਰਨ ਕਮੀ ਦੇ ਮੱਦੇਨਜ਼ਰ, ਪਾਬੰਦੀ ਹਟਾ ਦਿੱਤੀ ਏ। ਇਹ ਧਿਆਨ ਦੇਣ ਯੋਗ ਏ ਕਿ ਪੱਛਮੀ ਏਸ਼ੀਆ ਸੰਕਟ ਕਾਰਨ, ਐਲ.ਪੀ.ਜੀ ਸਪਲਾਈ 'ਤੇ ਵਧੇ ਦਬਾਅ ਕਾਰਨ, ਪਹਿਲਾਂ ਰੀਫਿਲ ਬੁਕਿੰਗ ਅੰਤਰਾਲ, ਸ਼ਹਿਰੀ ਇਲਾਕਿਆਂ ਲਈ 25 ਦਿਨ ਅਤੇ ਪੇਂਡੂ ਇਲਾਕਿਆਂ ਲਈ, 45 ਦਿਨ ਨਿਰਧਾਰਤ ਕੀਤਾ ਗਿਆ ਸੀ।

---------------------------------------------------------

ਉੱਤਰ ਪ੍ਰਦੇਸ਼ ਦੇ ਬਾਗਪਤ ਵਿੱਚ ਕੱਲ੍ਹ ਪੂਰਬੀ ਪੈਰੀਫਿਰਲ ਐਕਸਪ੍ਰੈਸਵੇਅ 'ਤੇ ਇੱਕ ਭਿਆਨਕ ਸੜਕ ਹਾਦਸੇ ਵਿੱਚ 12 ਲੋਕਾਂ ਦੀ ਮੌਤ ਹੋ ਗਈ ਅਤੇ ਕਈ ਹੋਰ ਜ਼ਖਮੀ ਹੋ ਗਏ। ਇਹ ਹਾਦਸਾ ਉਸ ਸਮੇਂ ਵਾਪਰਿਆ, ਜਦੋਂ ਰਾਜਸਥਾਨ ਤੋਂ ਬਦਾਯੂੰ ਵਾਪਸ ਆ ਰਹੇ ਸ਼ਰਧਾਲੂਆਂ ਨੂੰ ਲੈ ਕੇ ਜਾ ਰਹੀ ਪਿਕਅੱਪ ਵੈਨ ਨੂੰ ਇੱਕ ਟ੍ਰੇਲਰ ਨੇ ਟੱਕਰ ਮਾਰ ਦਿੱਤੀ। ਮੇਰਠ ਜ਼ੋਨ ਦੇ Additional ਡਾਇਰੈਕਟਰ ਜਨਰਲ ਨੇ ਆਕਾਸ਼ਵਾਣੀ ਨਿਊਜ਼ ਨੂੰ ਦੱਸਿਆ ਕਿ, ਪਿਕਅੱਪ ਵਿੱਚ 30 ਤੋਂ ਵੱਧ ਲੋਕ ਸਵਾਰ ਸਨ।

---------------------------------------------------------

ਭਾਰਤ ਅੱਜ ਅਹਿਮਦਾਬਾਦ ਵਿੱਚ ਵਿਸ਼ਵ ਤੀਰਅੰਦਾਜ਼ੀ ਪੈਰਾ ਸੀਰੀਜ਼ ਵਿੱਚ, ਸੋਨੇ ਦੇ 4 ਤਮਗਿਆਂ ਲਈ ਆਪਣੀ ਚੁਣੌਤੀ ਪੇਸ਼ ਕਰੇਗਾ। ਮਹਿਲਾ

ਪੈਰਾ ਰਿਕਰਵ ਟੀਮ ਫਾਈਨਲ ਵਿੱਚ, ਭਾਵਨਾ ਅਤੇ ਪੂਜਾ ਦਾ ਮੁਕਾਬਲਾ ਚੀਨ ਦੀ ਜੋੜੀ ਨਾਲ ਹੋਵੇਗਾ। ਮਰਦਾਂ ਦੇ ਪੈਰਾ ਰਿਕਰਵ ਟੀਮ ਫਾਈਨਲ ਵਿੱਚ, ਹਰਵਿੰਦਰ ਸਿੰਘ ਅਤੇ ਵਿਜੇ ਸੁੰਡੀ, ਸਲੋਵਾਕੀਆ ਖਿਲਾਫ ਖੇਡਣਗੇ। ਪੈਰਾ ਕੰਪਾਊਂਡ ਪੁਰਸ਼ ਟੀਮ ਫਾਈਨਲ ਵਿੱਚ, ਸ਼ਿਆਮ ਸੁੰਦਰ ਸਵਾਮੀ ਅਤੇ ਤੋਮਨ ਕੁਮਾਰ ਦਾ ਮੁਕਾਬਲਾ ਇਰਾਕੀ ਟੀਮ ਨਾਲ ਹੋਵੇਗਾ। ਓਧਰ, ਮਿਕਸਡ ਟੀਮ W-1 ਫਾਈਨਲ ਵਿੱਚ, ਸਵਾਤੀ ਚੌਧਰੀ ਅਤੇ ਆਦਿਲ ਮੁਹੰਮਦ ਨਜ਼ੀਰ ਅੰਸਾਰੀ, ਚੈੱਕੀਆ ਜੋੜੀ ਖਿਲਾਫ ਖੇਡਣਗੇ।

---------------------------------------------------

ਸਰਕਾਰ ਨੇ ਸੋਸ਼ਲ ਮੀਡੀਆ 'ਤੇ ਪ੍ਰਸਾਰਿਤ ਹੋ ਰਹੀ ਇੱਕ ਫ਼ਰਜ਼ੀ ਰੀਲ ਦਾ ਖੰਡਨ ਕੀਤਾ ਏ। ਇਸ ਵਿੱਚ ਦਾਅਵਾ ਕੀਤਾ ਗਿਆ ਏ ਕਿ, ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਭਾਰਤ ਵਿੱਚ ਇੰਸਟਾਗ੍ਰਾਮ ਨੂੰ ਬੰਦ ਕਰਨ ਦਾ ਫੈਸਲਾ ਕੀਤਾ ਏ। ਪ੍ਰੈਸ ਇਨਫਰਮੇਸ਼ਨ ਬਿਊਰੋ ਦੀ ਤੱਥ ਜਾਂਚ ਇਕਾਈ ਨੇ ਇਸ ਦਾਅਵੇ ਨੂੰ ਫਰਜ਼ੀ ਦੱਸਿਆ ਏ।

---------------------------------------------------

ਉੱਤਰ ਪ੍ਰਦੇਸ਼ ਵਿੱਚ ਮੀਂਹ ਅਤੇ ਡੈਮਾਂ ਤੋਂ ਛੱਡੇ ਗਏ ਪਾਣੀ ਕਾਰਨ, 25 ਜ਼ਿਲ੍ਹਿਆਂ ਵਿੱਚ ਹੜ੍ਹ ਵਰਗੀ ਹਾਲਤ ਪੈਦਾ ਹੋ ਗਈ ਏ। ਪਿਛਲੇ 24 ਘੰਟਿਆਂ ਵਿੱਚ ਰਾਜ ਦੇ ਕਈ ਹਿੱਸਿਆਂ ਵਿੱਚ, ਦਰਮਿਆਨੀ ਤੋਂ ਭਾਰੀ ਬਾਰਿਸ਼ ਹੋਈ ਏ। ਬਰੇਲੀ, ਏਟਾ, ਸ਼ਾਹਜਹਾਂਪੁਰ, ਬਹਿਰਾਈਚ ਅਤੇ

ਲਖੀਮਪੁਰ ਖੀਰੀ, ਦੇਸ਼ ਵਿੱਚ ਸਭ ਤੋਂ ਵੱਧ ਮੀਂਹ ਵਾਲੇ ਪੰਜ ਜ਼ਿਲ੍ਹਿਆਂ ਵਿੱਚ ਸ਼ਾਮਲ ਰਹੇ। ਭਾਰੀ ਮੀਂਹ ਦੇ ਮੱਦੇਨਜ਼ਰ, ਬਰੇਲੀ ਦੇ ਸਾਰੇ ਸਕੂਲ ਅਗਲੇ ਦੋ ਦਿਨਾਂ ਲਈ ਬੰਦ ਕਰ ਦਿੱਤੇ ਗਏ ਨੇ ਅਤੇ ਸਰਕਾਰੀ ਅਧਿਕਾਰੀਆਂ ਦੀਆਂ ਛੁੱਟੀਆਂ ਰੱਦ ਕਰ ਦਿੱਤੀਆਂ ਗਈਆਂ ਨੇ।

---------------------------------------------------------

ਚਾਰ-ਲੇਨ ਵਾਲੇ ਮਨਾਲੀ ਹਾਈਵੇਅ 'ਤੇ Dyore ਅਤੇ ਹਨੋਗੀ ਵਿਚਕਾਰ ਸੁਰੰਗ ਰੂਟ ਦੀ ਕੱਲ੍ਹ ਸਫਲ ਪਰਖ ਕੀਤੀ ਗਈ। ਇਸ ਮਹੱਤਵਪੂਰਨ ਰੂਟ ਨੂੰ ਅਗਲੇ ਚਾਰ ਦਿਨਾਂ ਦੇ ਅੰਦਰ ਆਵਾਜਾਈ ਲਈ, ਖੋਲ੍ਹਣ ਲਈ ਤਿਆਰੀਆਂ ਪੂਰੀਆਂ ਕਰ ਲਈਆਂ ਗਈਆਂ ਨੇ। ਇਹ ਅਜ਼ਮਾਇਸ਼, ਭਾਰਤੀ ਰਾਸ਼ਟਰੀ ਸ਼ਾਹਰਾਹ ਅਥਾਰਟੀ ਦੇ ਬੋਰਡ ਮੈਂਬਰ, ਵਿਪਨੇਸ਼ ਸ਼ਰਮਾ ਦੀ ਮੌਜੂਦਗੀ ਵਿੱਚ ਕੀਤੀ ਗਈ।

---------------------------------------------------------

- ਪ੍ਰਧਾਨ ਮੰਤਰੀ ਨਰੇਂਦਰ ਮੋਦੀ ਅੱਜ ਗੁਜਰਾਤ ਦੇ ਵਡੋਦਰਾ ਤੋਂ 35 ਹਜ਼ਾਰ ਕਰੋੜ ਰੁਪਏ ਤੋਂ ਵੱਧ ਦੇ ਵਿਕਾਸ ਪ੍ਰੋਜੈਕਟਾਂ ਦਾ ਉਦਘਾਟਨ ਕਰਨਗੇ ਅਤੇ ਨੀਂਹ ਪੱਥਰ ਰੱਖਣਗੇ। ਸ਼੍ਰੀ ਮੋਦੀ ਮੁੰਬਈ ਵਿੱਚ, ਗਲੋਬਲ ਫਿਨਟੈਕ ਫੈਸਟ 2026 ਦੀ ਵੀ ਸ਼ੁਰੂਆਤ ਕਰਨਗੇ।

- ਰੱਖਿਆ ਖ਼ਰੀਦ ਪ੍ਰੀਸ਼ਦ ਨੇ ਹਥਿਆਰਬੰਦ ਫੌਜਾਂ ਲਈ, ਇੱਕ ਲੱਖ 10 ਹਜ਼ਾਰ ਕਰੋੜ ਰੁਪਏ ਤੋਂ ਵੱਧ ਦੀਆਂ ਰੱਖਿਆ ਖ਼ਰੀਦ ਤਜਵੀਜ਼ਾਂ ਨੂੰ ਮਨਜ਼ੂਰੀ ਦੇ ਦਿੱਤੀ ਏ।

- ਦਿੱਲੀ ਪੁਲਿਸ ਨੇ ਸਤਿਆ ਨਿਕੇਤਨ ਇਮਾਰਤ ਢਹਿਣ ਦੀ ਘਟਨਾ ਦੇ ਸਬੰਧ ਵਿੱਚ ਜਾਂਚ ਤੇਜ਼ ਕਰਦਿਆਂ, ਤਿੰਨ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਏ।

- ਲਕਸਮਬਰਗ ਨੇ ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ ਵਿੱਚ, ਸਥਾਈ ਸੀਟ ਲਈ, ਭਾਰਤ ਦੀ ਮੰਗ ਦਾ ਸਮਰਥਨ ਕੀਤਾ ਏ।

- ਭਾਰਤ ਅੱਜ ਅਹਿਮਦਾਬਾਦ ਵਿੱਚ, ਵਿਸ਼ਵ ਤੀਰਅੰਦਾਜ਼ੀ ਪੈਰਾ ਸੀਰੀਜ਼ ਵਿੱਚ, ਚਾਰ ਫਾਈਨਲ ਮੁਕਾਬਲਿਆਂ ਵਿੱਚ ਆਪਣੀ ਚੁਣੌਤੀ ਪੇਸ਼ ਕਰੇਗਾ।

---

**ਇਸ ਦੇ ਨਾਲ ਹੀ ਰਾਸ਼ਟਰੀ ਖਬਰਾਂ ਦਾ ਇਹ ਬੁਲੇਟਿਨ ਖਤਮ ਹੁੰਦਾ ਏ। ਸਾਡਾ ਅਗਲਾ ਪ੍ਰਾਦੇਸ਼ਿਕ ਖਬਰਾਂ ਦਾ ਬੁਲੇਟਿਨ ਦੁਪਹਿਰ ਬਾਅਦ 1 ਵਜ ਕੇ 10 ਮਿੰਟ 'ਤੇ ਹੋਏਗਾ। ਨਮਸਕਾਰ!**